DCB BANK

# ਡੀਸੀਬੀ ਮੋਬਾਈਲ ਬੈਂਕਿੰਗ ਐਪਲੀਕੇਸ਼ਨ
# ਅਕਸਰ ਪੁੱਛੇ ਜਾਂਦੇ ਸਵਾਲ (FAQ)

1) **ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਕੀ ਹੈ? ਮੈਨੂੰ ਇਸ ਲਈ ਅਪਲਾਈ ਕਿਉਂ ਕਰਨਾ ਚਾਹੀਦਾ ਹੈ?**
ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਐਪ ਦੀ ਸੁਵਿਧਾ ਤੁਹਾਡੇ ਮੋਬਾਈਲ ਫੋਨ ਜਾਂ ਟੈਬ ਰਾਹੀਂ ਕਿਸੇ ਵੀ ਵੇਲੇ ਬੈਂਕਿੰਗ ਨੂੰ ਸਮਰੱਥ ਬਣਾਉਂਦੀ ਹੈ. ਸੇਵਿੰਗ ਬੈਂਕ ਅਕਾਊਂਟ, ਕਰੰਟ ਅਕਾਊਂਟ, ਇੰਸਟੈਂਟ ਫੰਡ ਟ੍ਰਾਂਸਫਰ, ਅਕਾਊਂਟ ਟ੍ਰਾਂਜ਼ੈਕਸ਼ਨ ਦੇਖੋ, ਨਵੀਂ ਚੈੱਕ ਬੁੱਕ ਦੀ ਬੇਨਤੀ ਕਰੋ ਅਤੇ ਚੈੱਕ ਦੀ ਬੇਨਤੀ ਰੋਕਣ ਲਈ ਤੁਰੰਤ ਐਕਸੈਸ ਨਾਲ ਬੈਂਕਿੰਗ ਦਾ ਅਨੰਦ ਲਓ.

2) **ਮੈਂ ਐਪ ਕਿਵੇਂ ਪ੍ਰਾਪਤ ਕਰਾਂ?**
ਪਲੇਸਟੋਰ ਜਾਂ ਐਪਸਟੋਰ ਤੋਂ ਡੀਸੀਬੀ ਮੋਬਾਈਲ ਬੈਂਕਿੰਗ ਐਪ ਡਾਊਨਲੋਡ ਅਤੇ ਇੰਸਟਾਲ ਕਰੋ. ਆਪਣੇ ਡੀਸੀਬੀ ਡੈਬਿਟ ਕਾਰਡ ਜਾਂ ਡੀਸੀਬੀ ਇੰਟਰਨੈੱਟ ਬੈਂਕਿੰਗ ਲਾਗ-ਇਨ ਵੇਰਵੇ ਜਾਂ ਅਸਥਾਈ ਪਿੰਨ ਨਾਲ ਐਪ 'ਤੇ ਰਜਿਸਟਰ ਕਰੋ.

3) **ਮੈਂ ਇਸ ਲਈ ਕਿਵੇਂ ਰਜਿਸਟਰ ਕਰ ਸਕਦਾ/ ਸਕਦੀ ਹਾਂ??**
ਤੁਸੀਂ ਡੀਸੀਬੀ ਡੈਬਿਟ ਕਾਰਡ ਜਾਂ ਡੀਸੀਬੀ ਇੰਟਰਨੈੱਟ ਬੈਂਕਿੰਗ ਵੇਰਵੇ ਜਾਂ ਅਸਥਾਈ ਪਿੰਨ ਦੀ ਵਰਤੋਂ ਕਰਕੇ ਡੀਸੀਬੀ ਮੋਬਾਈਲ ਬੈਂਕਿੰਗ ਐਪ ਲਈ ਤੁਰੰਤ ਰਜਿਸਟਰ ਕਰ ਸਕਦੇ ਹੋ.

4) **ਅਸਥਾਈ ਪਿੰਨ ਕੀ ਹੈ?**
ਉਹ ਗਾਹਕ, ਜਿਨ੍ਹਾਂ ਨੂੰ ਡੀਸੀਬੀ ਡੈਬਿਟ ਕਾਰਡ ਜਾਂ ਡੀਸੀਬੀ ਇੰਟਰਨੈੱਟ ਬੈਂਕਿੰਗ ਲਾਗ-ਇਨ ਨਹੀਂ ਮਿਲੇ, ਡੀਸੀਬੀ ਮੋਬਾਈਲ ਬੈਂਕਿੰਗ ਲਈ ਰਜਿਸਟਰ ਕਰਨ ਲਈ ਇੱਕ ਹਸਤਾਖਰਿਤ ਗਾਹਕ ਬੇਨਤੀ ਫਾਰਮ ਸਬਮਿਟ ਕਰ ਸਕਦੇ ਹਨ. ਕਿਰਪਾ ਕਰਕੇ ਇਸ ਲਈ ਕਿਸੇ ਵੀ ਡੀਸੀਬੀ ਬੈਂਕ ਸ਼ਾਖਾ 'ਤੇ ਜਾਓ. ਬੈਂਕ ਰਜਿਸਟਰਡ ਮੋਬਾਈਲ ਨੰਬਰ 'ਤੇ ਇੱਕ ਅਸਥਾਈ ਪਿੰਨ ਅਤੇ 4 ਤੋਂ 7 ਕੰਮਕਾਜੀ ਦਿਵਸਾਂ ਵਿੱਚ ਈ-ਮੇਲ ਭੇਜੇਗਾ

5) **ਐਮ-ਪਿੰਨ ਕੀ ਹੈ?**
ਐਮ-ਪਿੰਨ ਇੱਕ ਪਿੰਨ ਹੈ ਜੋ ਮੋਬਾਈਲ ਬੈਂਕਿੰਗ ਰਾਹੀਂ ਤੁਹਾਡੇ ਡੀਸੀਬੀ ਬੈਂਕ ਅਕਾਊਂਟ ਨੂੰ ਐਕਸੈਸ ਕਰਨ ਲਈ ਵਰਤਿਆ ਜਾਂਦਾ ਹੈ

6) **ਜੇਕਰ ਮੈਂ ਆਪਣਾ ਐਮ-ਪਿੰਨ ਭੁੱਲ ਜਾਵਾਂ ਜਾਂ ਯੂਜ਼ਰ ਆਈਡੀ ਲਾਕ ਹੋ ਜਾਵੇ ਤਾਂ ਕੀ ਹੋਵੇਗਾ?**
ਤੁਸੀਂ ਐਪ 'ਤੇ ਐਮ-ਪਿੰਨ ਭੁੱਲ ਗਿਆ/ ਨਵੇਂ ਯੂਜ਼ਰ ਵਿਕਲਪ ਦੀ ਵਰਤੋਂ ਕਰਕੇ ਮੋਬਾਈਲ ਬੈਂਕਿੰਗ ਲਈ ਆਪਣੇ ਆਪ ਨੂੰ ਦੁਬਾਰਾ ਰਜਿਸਟਰ ਕਰ ਸਕਦੇ ਹੋ. ਨਵਾਂ ਐਮ-ਪਿੰਨ ਬਣਾਉਣ ਲਈ ਆਪਣੇ ਡੀਸੀਬੀ ਡੈਬਿਟ ਕਾਰਡ ਜਾਂ ਡੀਸੀਬੀ ਇੰਟਰਨੈੱਟ ਬੈਂਕਿੰਗ ਵੇਰਵੇ ਦੀ ਵਰਤੋਂ ਕਰੋ.

7) **ਕੀ ਮੈਂ ਹੁਣੇ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਦੀ ਵਰਤੋਂ ਸ਼ੁਰੂ ਕਰ ਸਕਦਾ/ ਸਕਦੀ ਹਾਂ?**
ਹਾਂ

8) **ਜੇਕਰ ਐਮ-ਪਿੰਨ ਜਾਂ ਰਜਿਸਟਰੇਸ਼ਨ ਨਹੀਂ ਹੁੰਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਕਿਰਪਾ ਕਰਕੇ 8 am – 8pm IST ਤੱਕ ਉਪਲਬਧ ਡੀਸੀਬੀ ਗਾਹਕ ਸੇਵਾ ਕੇਂਦਰ ਨਾਲ ਸੰਪਰਕ ਕਰੋ.
ਇਸ ਤੋਂ ਇਲਾਵਾ ਡੀਸੀਬੀ ਕਾਰਡ ਗਾਹਕ ਐਮਰਜੈਂਸੀ ਸੇਵਾਵਾਂ ਲਈ 24x7 ਡੀਸੀਬੀ ਗਾਹਕ ਸੇਵਾ ਕੇਂਦਰ ਦੀ ਵਰਤੋਂ ਕਰ ਸਕਦੇ ਹਨ.
ਭਾਰਤੀ ਨਿਵਾਸੀ ਇਨ੍ਹਾਂ ਨੰਬਰਾਂ 'ਤੇ ਡੀਸੀਬੀ ਗਾਹਕ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ: 022-68997777 ਜਾਂ 040-68157777
ਐਨਆਰਆਈ ਗਾਹਕ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ + 91 22 61 271000

9) ਕੀ ਮੈਂ ਮੋਬਾਈਲ ਬੈਂਕਿੰਗ ਲਈ ਆਪਣਾ ਐਮ-ਪਿੰਨ ਬਦਲ ਸਕਦਾ/ ਸਕਦੀ ਹਾਂ?

DCB BANK

ਹਾਂ, ਇੱਕ ਵਾਰ ਐਕਟੀਵੇਟ ਹੋ ਜਾਣ ਤੋਂ ਬਾਅਦ ਤੁਸੀਂ ਐਮ-ਪਿੰਨ ਬਦਲ ਸਕਦੇ ਹੋ.

**10) ਮੈਂ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਵਿੱਚ ਕਿਹੜੀਆਂ ਸੇਵਾਵਾਂ ਦੀ ਵਰਤੋਂ ਕਰ ਸਕਦਾ/ ਸਕਦੀ ਹਾਂ?**

* ਅਕਾਊਂਟ ਦਾ ਸਾਰ
* ਪੁੱਛ-ਗਿੱਛ
* ਅਕਾਊਂਟ ਬੈਲੇਂਸ
* ਫਿਕਸ ਡਿਪਾਜ਼ਿਟ ਦਾ ਵੇਰਵਾ
* ਮਿੰਨੀ ਸਟੇਟਮੈਂਟ (ਪਿਛਲੇ 10 ਟ੍ਰਾਂਜ਼ੈਕਸ਼ਨ ਲਈ)
* ਪਾਸਬੁੱਕ ਸਟੇਟਮੈਂਟ (ਪਿਛਲੇ 1 ਮਹੀਨੇ ਦੀਆਂ ਸਾਰੀਆਂ ਟ੍ਰਾਂਜ਼ੈਕਸ਼ਨ)
* ਫਿਕਸਡ ਡਿਪਾਜ਼ਿਟ ਬੁੱਕ ਕਰੋ
* ਪ੍ਰਾਪਤਕਰਤਾ ਨੂੰ ਮੈਨੇਜ ਕਰੋ
* ਫੰਡ ਟ੍ਰਾਂਸਫਰ
* ਤੁਹਾਡੇ ਡੀਸੀਬੀ ਬੈਂਕ ਅਕਾਊਂਟ ਦੇ ਅੰਦਰ
* ਕਿਸੇ ਹੋਰ ਡੀਸੀਬੀ ਬੈਂਕ ਅਕਾਊਂਟ ਹੋਲਡਰ ਵਿੱਚ
* ਆਈਐਮਪੀਐਸ (ਲਾਭਪਾਤਰ ਅਕਾਊਂਟ ਨੰਬਰ ਅਤੇ ਆਈਐਫਐਸਸੀ ਦੀ ਵਰਤੋਂ ਕਰਕੇ)
* ਐਨਈਐਫਟੀ
* ਬਿਲ ਭੁਗਤਾਨ
* ਬਿਲਰ ਜੋੜੋ ਅਤੇ ਡਿਲੀਟ ਕਰੋ
* ਯੂਟਿਲਿਟੀ ਬਿਲ ਦਾ ਭੁਗਤਾਨ ਕਰੋ
* ਕਾਰਡ
* ਅਸਥਾਈ ਬਲਾਕ ਅਤੇ ਅਨਬਲਾਕ
* ਅੰਤਰਰਾਸ਼ਟਰੀ ਅਤੇ ਘਰੇਲੂ ਟ੍ਰਾਂਜ਼ੈਕਸ਼ਨ ਨੂੰ ਮੈਨੇਜ ਕਰੋ
* ਕਾਰਡ ਦੀ ਸੀਮਾ ਨੂੰ ਮੈਨੇਜ ਕਰੋ
* ਪਿੰਨ ਜਨਰੇਟ ਕਰੋ
* ਗੋਲਡ ਲੋਨ
* ਬੇਨਤੀ
* ਚੈੱਕ ਬੁੱਕ
* ਚੈੱਕ ਰੋਕੋ
* ਵਿਆਜ ਸਰਟੀਫਿਕੇਟ
* ਐਮ-ਪਿੰਨ ਬਦਲੋ
* ਏਟੀਐਮ ਅਤੇ ਬ੍ਰਾਂਚ ਲੋਕੇਟਰ
* ਸਾਡੇ ਨਾਲ ਸੰਪਰਕ ਕਰੋ

**11) ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਵਿੱਚ ਕਿਸ ਪ੍ਰਕਾਰ ਦੇ ਅਕਾਊਂਟ ਉਪਲਬਧ ਹਨ?**

ਇਹ ਹੇਠ ਲਿਖੀਆਂ ਕਿਸਮਾਂ ਦੇ ਅਕਾਊਂਟ ਦਾ ਸਮਰਥਨ ਕਰਦਾ ਹੈ:
ਸੇਵਿੰਗ ਅਕਾਊਂਟ
ਚਾਲੂ ਖਾਤਾ
ਓਵਰਡ੍ਰਾਫਟ ਅਕਾਊਂਟ
ਕੈਸ਼ ਕ੍ਰੈਡਿਟ ਅਕਾਊਂਟ
ਫਿਕਸਡ ਡਿਪਾਜ਼ਿਟ (ਅਕਾਊਂਟ ਦਾ ਸਾਰ, ਬੈਲੇਂਸ ਸੰਬੰਧੀ ਪੁੱਛ-ਗਿੱਛ ਅਤੇ ਫਿਕਸਡ ਡਿਪਾਜ਼ਿਟ ਟ੍ਰੈਕ ਕਰੋ)

**12) ਕੀ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ, ਮੋਬਾਈਲ ਅਲਰਟ ਤੋਂ ਵੱਖਰੀ ਹੈ?**

ਹਾਂਜੀ, ਅਸਲ ਵਿੱਚ! ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਤੁਹਾਨੂੰ ਮੋਬਾਈਲ ਅਲਰਟ ਤੋਂ ਵੱਧ ਦਿੰਦੀ ਹੈ. ਸ਼ੁਰੂਆਤਕਰਤਾਵਾਂ ਲਈ, ਤੁਸੀਂ ਪੈਸੇ ਭੇਜ ਅਤੇ ਪ੍ਰਾਪਤ ਕਰ ਸਕਦੇ ਹੋ; ਇਹ ਬੈਂਕ ਨਾਲੋਂ ਪੂਰੀ ਤਰ੍ਹਾਂ ਵੱਖਰਾ ਤਰੀਕਾ ਹੈ.

DCB BANK

ਮੋਬਾਈਲ ਅਲਰਟ ਇੱਕ ਐਸਐਮਐਸ ਸਰਵਿਸ ਹੈ ਜਿੱਥੇ ਡੀਸੀਬੀ ਬੈਂਕ ਤੁਹਾਨੂੰ ਅਕਾਊਂਟ ਐਕਟੀਵਿਟੀ 'ਤੇ ਅੱਪਡੇਟ ਕਰਦਾ ਹੈ. ਜਦੋਂ ਵੀ ਤੁਹਾਡੇ ਅਕਾਊਂਟ ਵਿੱਚ ਕੋਈ ਇਵੈਂਟ ਹੁੰਦਾ ਹੈ ਤਾਂ ਇਹ ਟੈਕਸਟ ਮੈਸੇਜ ਭੇਜੇ ਜਾਂਦੇ ਹਨ.

13) **ਕੀ ਮੈਨੂੰ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਦੀ ਲੋੜ ਹੈ?**
ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਸ਼ਾਖਾ ਵਿੱਚ ਜਾਣ ਦੀ ਲੋੜ ਦਾ ਇੱਕ ਤੇਜ਼ ਅਤੇ ਸੁਵਿਧਾਜਨਕ ਵਿਕਲਪ ਹੈ. ਤੁਸੀਂ ਸਿੱਧੇ ਆਪਣੇ ਮੋਬਾਈਲ ਫੋਨ ਜਾਂ ਟੈਬ ਤੋਂ ਬੁਨਿਆਦੀ ਬੈਂਕਿੰਗ ਗਤੀਵਿਧੀਆਂ ਨੂੰ ਪੂਰਾ ਕਰ ਸਕਦੇ ਹੋ. ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਜੀਐਸਐਮ ਮੋਬਾਈਲ ਫੋਨ ਨਾਲ ਅਨੁਕੂਲ ਹੈ ਅਤੇ ਜੀਪੀਆਰਐਸ ਚੈਨਲ ਤੇ ਕੰਮ ਕਰਦੀ ਹੈ.

14) **ਕੀ ਮੈਂ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਸੁਵਿਧਾ ਦਾ ਲਾਭ ਲੈ ਸਕਦਾ/ ਸਕਦੀ ਹਾਂ?**
ਹਾਂ, ਜਦੋਂ ਤੁਸੀਂ ਵਿਦੇਸ਼ ਯਾਤਰਾ ਕਰ ਰਹੇ ਹੋ ਤਾਂ ਤੁਸੀਂ ਇਸ ਸੇਵਾ ਨੂੰ ਐਕਸੈਸ ਕਰ ਸਕਦੇ ਹੋ.

15) **ਮੈਂ ਹਾਲੇ ਤੱਕ ਡੀਸੀਬੀ ਬੈਂਕ ਦਾ ਗਾਹਕ ਨਹੀਂ ਹਾਂ, ਕੀ ਫਿਰ ਵੀ ਮੈਨੂੰ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਸੇਵਾ ਮਿਲ ਸਕਦੀ ਹੈ.**
ਬਹੁਤ ਵਧੀਆ! ਸੇਵਾ ਦਾ ਲਾਭ ਲੈਣ ਲਈ ਤੁਹਾਡੇ ਕੋਲ ਡੀਸੀਬੀ ਬੈਂਕ ਦਾ ਅਕਾਊਂਟ ਹੋਣਾ ਚਾਹੀਦਾ ਹੈ. ਸਾਡੇ ਨਾਲ ਬੈਂਕਿੰਗ ਸ਼ੁਰੂ ਕਰਨ ਲਈ ਤੁਹਾਡੇ ਲਈ ਦਸਤਾਵੇਜ਼ ਅਤੇ ਮਾਪਦੰਡ ਬਾਰੇ ਦੱਸਦੇ ਹੋਏ ਸਾਨੂੰ ਖੁਸ਼ੀ ਹੋਵੇਗੀ.

16) **ਕੀ ਤੁਸੀਂ ਇਸ ਸੇਵਾ ਲਈ ਸ਼ੁਲਕ ਲੈਂਦੇ ਹੋ?**
ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਸੇਵਾ ਇਸ ਵੇਲੇ ਡੀਸੀਬੀ ਬੈਂਕ ਦੇ ਗਾਹਕਾਂ ਨੂੰ ਮੁਫਤ ਆਫਰ ਕੀਤੀ ਜਾਂਦੀ ਹੈ.

17) **ਕੀ ਮੈਂ ਤੁਰੰਤ ਫੰਡ ਟ੍ਰਾਂਸਫਰ ਕਰ ਸਕਦਾ/ ਸਕਦੀ ਹਾਂ?**
ਆਈਐਮਪੀਐਸ ਨਾਲ, ਫੰਡ ਨੂੰ ਤੁਰੰਤ ਟ੍ਰਾਂਸਫਰ ਕੀਤਾ ਜਾ ਸਕਦਾ ਹੈ. ਡੀਸੀਬੀ ਬੈਂਕ ਅਕਾਊਂਟ ਜਾਂ ਗੈਰ-ਡੀਸੀਬੀ ਬੈਂਕ ਅਕਾਊਂਟ ਵਿੱਚ ਫੰਡ ਟ੍ਰਾਂਸਫਰ ਕਰੋ. ਐਨਆਰਆਈ ਗਾਹਕਾਂ ਲਈ ਆਈਐਮਪੀਐਸ ਸਹੂਲਤ ਉਪਲਬਧ ਨਹੀਂ ਹੈ.

18) **ਕੀ ਵਿੱਤੀ ਟ੍ਰਾਂਜ਼ੈਕਸ਼ਨ ਦੀ ਕੋਈ ਸੀਮਾ ਹੈ?**
ਹਾਂ, ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਫੰਡ ਟ੍ਰਾਂਸਫਰ ਲਈ ਪ੍ਰਤੀ ਦਿਨ ਦੀ ਸੀਮਾ ₹ 5,00,000 ਹੈ. ਡੀਸੀਬੀ ਬੈਂਕ ਲਿਮਿਟੇਡ ਆਪਣੇ ਵਿਵੇਕਾਧਿਕਾਰ ਨਾਲ ਸੀਮਾ ਨੂੰ ਵਧਾ ਜਾਂ ਘਟਾ ਸਕਦਾ ਹੈ.

19) **ਕੀ ਮੈਂ ਵਿਦੇਸ਼ ਵਿੱਚ ਹੋਣ 'ਤੇ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਨੂੰ ਐਕਸੈਸ ਕਰ ਸਕਦਾ/ ਸਕਦੀ ਹਾਂ?**
ਹਾਂ, ਜਦੋਂ ਤੁਸੀਂ ਵਿਦੇਸ਼ ਯਾਤਰਾ ਕਰ ਰਹੇ ਹੋ ਤਾਂ ਤੁਸੀਂ ਇਸ ਸੇਵਾ ਨੂੰ ਐਕਸੈਸ ਕਰ ਸਕਦੇ ਹੋ.

20) **ਕੀ ਇਹ ਠੀਕ ਹੋਵੇਗਾ ਜੇਕਰ ਮੈਂ ਆਪਣਾ ਮੋਬਾਈਲ ਫੋਨ ਨੰਬਰ ਬਦਲਾਂ?**
ਜੇ ਤੁਹਾਡਾ ਮੋਬਾਈਲ ਨੰਬਰ ਬਦਲ ਗਿਆ ਹੈ, ਤਾਂ ਤੁਰੰਤ ਡੀਸੀਬੀ ਬੈਂਕ ਨੂੰ ਸੂਚਿਤ ਕਰੋ. ਤੁਹਾਨੂੰ ਇੱਕ ਨਵੀਂ ਮੋਬਾਈਲ ਫੋਨ ਨੰਬਰ ਅੱਪਡੇਟ ਦੀ ਬੇਨਤੀ ਸਬਮਿਟ ਕਰਨੀ ਪਵੇਗੀ.

21) **ਫੰਡ ਟ੍ਰਾਂਸਫਰ ਲਈ ਲਾਭਪਾਤਰ ਨੂੰ ਜੋੜਨ/ ਬਣਾਉਣ ਵੇਲੇ ਮੈਂ ਨਿੱਕਨੇਮ ਦੀ ਵਰਤੋਂ ਕਿਵੇਂ ਕਰਾਂ?**
ਟ੍ਰਾਂਜ਼ੈਕਸ਼ਨ ਵਿੱਚ ਆਸਾਨੀ ਲਈ, ਤੁਸੀਂ ਕਿਸੇ ਵੀ ਲਾਭਪਾਤਰ ਦਾ ਨਾਮ 'ਨਿੱਕਨੇਮ ਜੋੜੋ' ਨਾਲ ਜੋੜ ਸਕਦੇ ਹੋ' . ਨਿੱਕਨੇਮ ਵਰਣਅੰਕੀ ਹੋ ਸਕਦਾ ਹੈ ਅਤੇ ਵਿਸ਼ੇਸ਼ ਅੱਖਰਾਂ ਦੀ ਵਰਤੋਂ ਵੀ 6 ਅੱਖਰਾਂ ਤੱਕ ਕੀਤੀ ਜਾ ਸਕਦੀ ਹੈ.

22) **ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਮੋਬਾਈਲ ਫੋਨ ਵਿੱਚ ਇੰਟਰਨੈੱਟ ਐਕਸੈਸ ਹੈ?**
ਇਹ ਪੁਸ਼ਟੀ ਕਰਨ ਲਈ ਕਿ ਤੁਹਾਡੇ ਫੋਨ ਵਿੱਚ ਇੰਟਰਨੈੱਟ ਜਾਂ ਡਾਟਾ ਸੇਵਾ ਐਕਸੈਸ ਹੈ, ਆਪਣੇ ਮੋਬਾਈਲ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ. ਤੁਹਾਡਾ ਸੇਵਾ ਪ੍ਰਦਾਤਾ ਸੇਵਾ ਲਈ ਫੀਸ ਲੈ ਸਕਦਾ ਹੈ; ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਫੀਸ ਅਤੇ ਸ਼ੁਲਕਾਂ ਦੇ ਵੇਰਵੇ ਮੰਗਦੇ ਹੋ.

**23) ਜੇਕਰ ਟ੍ਰਾਂਜ਼ੈਕਸ਼ਨ ਕਰਨ ਵੇਲੇ ਮੇਰਾ ਫੋਨ ਡਿਸਕਨੈਕਟ/ ਸਵਿੱਚ ਆਫ/ ਬੈਟਰੀ ਖਤਮ ਹੋ ਜਾਂਦੀ ਹੈ ਤਾਂ ਕੀ ਹੋਵੇਗਾ?**
ਤੁਸੀਂ ਡੀਸੀਬੀ ਮੋਬਾਈਲ ਬੈਂਕਿੰਗ ਵਿੱਚ ਦੁਬਾਰਾ ਲਾਗ-ਇਨ ਕਰ ਸਕਦੇ ਹੋ ਅਤੇ ਟ੍ਰਾਂਜ਼ੈਕਸ਼ਨ ਰਿਕਾਰਡ ਵਿੱਚ ਜਾ ਕੇ ਦੇਖ ਸਕਦੇ ਹੋ ਕਿ ਟ੍ਰਾਂਜ਼ੈਕਸ਼ਨ ਹੋਈ ਹੈ ਜਾਂ ਨਹੀਂ. ਜੇਕਰ ਟ੍ਰਾਂਜ਼ੈਕਸ਼ਨ ਨਹੀਂ ਹੋਈ ਹੈ, ਤਾਂ ਤੁਸੀਂ ਦੁਬਾਰਾ ਕੋਸ਼ਿਸ਼ ਕਰ ਸਕਦੇ ਹੋ.

**24) ਜੇ ਟ੍ਰਾਂਜ਼ੈਕਸ਼ਨ ਕਰਨ ਵੇਲੇ ਮੈਨੂੰ ਐਸਐਮਐਸ ਜਾਂ ਕਾਲ ਪ੍ਰਾਪਤ ਹੁੰਦੀ ਹੈ ਤਾਂ ਕੀ ਹੋਵੇਗਾ?**
ਜ਼ਿਆਦਾਤਰ ਹੈਂਡਸੈੱਟ ਵਿੱਚ, ਤੁਸੀਂ ਮੋਬਾਈਲ ਬੈਂਕਿੰਗ ਬੈਕਗ੍ਰਾਉਂਡ ਵਿੱਚ ਜਾਰੀ ਰੱਖਦੇ ਹੋਏ ਕਾਲ ਜਾਂ ਐਸਐਮਐਸ ਦਾ ਜਵਾਬ ਦੇ ਸਕਦੇ ਹੋ. ਤੁਹਾਡੀ ਕਾਲ ਪੂਰੀ ਹੋਣ ਤੋਂ ਬਾਅਦ, ਤੁਸੀਂ ਬੈਂਕਿੰਗ ਦੁਬਾਰਾ ਸ਼ੁਰੂ ਕਰ ਸਕਦੇ ਹੋ. ਹਾਲਾਂਕਿ, ਕੁਝ ਹੈਂਡਸੈੱਟ ਲਈ, ਤੁਹਾਨੂੰ ਦੁਬਾਰਾ ਲਾਗ-ਇਨ ਕਰਨ ਦੀ ਲੋੜ ਪੈ ਸਕਦੀ ਹੈ.

**25) ਜੇਕਰ ਮੈਂ ਆਪਣਾ ਮੋਬਾਈਲ ਫੋਨ ਬਦਲਦਾ/ ਬਦਲਦੀ ਹਾਂ ਤਾਂ ਕੀ ਹੋਵੇਗਾ?**
ਜੇ ਤੁਸੀਂ ਆਪਣਾ ਮੋਬਾਈਲ ਫੋਨ ਬਦਲਦੇ ਹੋ, ਤਾਂ ਬਸ ਨਵੇਂ ਹੈਂਡਸੈੱਟ ਵਿੱਚ ਡੀਸੀਬੀ ਮੋਬਾਈਲ ਬੈਂਕਿੰਗ ਐਪ ਇੰਸਟਾਲ ਕਰੋ ਅਤੇ 'ਨਵੇਂ ਯੂਜ਼ਰ ਅਤੇ ਨਵੇਂ ਡਿਵਾਈਸ' ਤੇ ਕਲਿੱਕ ਕਰੋ ਅਤੇ ਦੁਬਾਰਾ ਰਜਿਸਟਰ ਕਰੋ.

**26) ਜੇਕਰ ਮੈਂ ਆਪਣਾ ਮੋਬਾਈਲ ਫੋਨ ਨੰਬਰ ਬਦਲਦਾ/ ਬਦਲਦੀ ਹਾਂ ਤਾਂ ਕੀ ਹੋਵੇਗਾ?**
ਕਿਰਪਾ ਕਰਕੇ ਆਪਣਾ ਮੋਬਾਈਲ ਨੰਬਰ ਬਦਲਦੇ ਹੀ ਕਾਲ ਕਰੋ. ਡੀਸੀਬੀ ਮੋਬਾਈਲ ਬੈਂਕਿੰਗ ਐਪ ਦੀ ਵਰਤੋਂ ਕਰਨ ਲਈ ਤੁਹਾਡਾ ਨਵਾਂ ਮੋਬਾਈਲ ਨੰਬਰ ਬੈਂਕ ਨਾਲ ਰਜਿਸਟਰ ਹੋਣਾ ਚਾਹੀਦਾ ਹੈ. ਤੁਸੀਂ ਨਜ਼ਦੀਕੀ ਡੀਸੀਬੀ ਬੈਂਕ ਸ਼ਾਖਾ 'ਤੇ ਜਾ ਕੇ ਆਪਣਾ ਨਵਾਂ ਮੋਬਾਈਲ ਨੰਬਰ ਰਜਿਸਟਰ ਜਾਂ ਅੱਪਡੇਟ ਕਰ ਸਕਦੇ ਹੋ.

**27) ਮੈਂ ਆਪਣਾ ਐਮ-ਪਿੰਨ ਭੁੱਲ ਗਿਆ/ ਗਈ ਹਾਂ.**
ਤੁਸੀਂ ਐਮ-ਪਿੰਨ ਦਰਜ ਕਰਨ ਲਈ 3 ਵਾਰ ਕੋਸ਼ਿਸ਼ ਕਰ ਸਕਦੇ ਹੋ, ਜਿਸ ਤੋਂ ਬਾਅਦ ਇਹ ਲਾਕ ਹੋ ਜਾਂਦਾ ਹੈ. ਇਹ ਬਹੁਤ ਸਾਰੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ. ਤੁਸੀਂ 'ਐਮ-ਪਿੰਨ ਭੁੱਲ ਗਏ' ਵਿਕਲਪ ਦੀ ਵਰਤੋਂ ਕਰ ਸਕਦੇ ਹੋ ਅਤੇ ਆਪਣੇ ਡੀਸੀਬੀ ਡੈਬਿਟ ਕਾਰਡ ਜਾਂ ਡੀਸੀਬੀ ਇੰਟਰਨੈੱਟ ਬੈਂਕਿੰਗ ਵੇਰਵੇ ਦੀ ਵਰਤੋਂ ਕਰਕੇ ਆਪਣੇ ਐਮ-ਪਿੰਨ ਨੂੰ ਰੀਸੈੱਟ ਕਰ ਸਕਦੇ ਹੋ.

**28) ਜੀਪੀਆਰਐਸ ਚੈਨਲ ਦੀ ਵਰਤੋਂ ਕਰਕੇ ਡੀਸੀਬੀ ਬੈਂਕ ਮੋਬਾਈਲ ਬੈਂਕਿੰਗ ਕੀ ਹੈ?**
ਜਨਰਲ ਪੈਕੇਟ ਰੇਡੀਓ ਸਰਵਿਸ (ਜੀਪੀਆਰਐਸ) ਇੱਕ ਨਵੀਂ ਨਾਨ-ਵਾਇਸ ਵੈਲਯੂ ਐਡਿਡ ਸੇਵਾ ਹੈ ਜੋ ਇੰਟਰਨੈੱਟ ਪ੍ਰੋਟੋਕਾਲ (ਆਈਪੀ) ਆਧਾਰਿਤ ਨੈੱਟਵਰਕ 'ਤੇ ਡਾਟਾ ਭੇਜਣ ਅਤੇ ਪ੍ਰਾਪਤ ਕਰਨ ਲਈ ਮੋਬਾਈਲ ਜਾਂ ਟੈਬ ਦੀ ਵਰਤੋਂ ਕਰਨ ਦੀ ਆਗਿਆ ਦਿੰਦੀ ਹੈ. ਜੀਪੀਆਰਐਸ ਅਜਿਹਾ ਡਾਟਾ ਵਾਹਕ ਹੈ ਜੋ ਇੰਟਰਨੈੱਟ ਜਿਹੇ ਡਾਟਾ ਨੈੱਟਵਰਕ ਦਾ ਵਾਇਰਲੈੱਸ ਐਕਸੈਸ ਪ੍ਰਦਾਨ ਕਰਦਾ ਹੈ, ਜਿਸ ਨਾਲ ਯੂਜ਼ਰ ਮੋਬਾਈਲ ਫੋਨ ਦੀ ਵਰਤੋਂ ਕਰਕੇ ਈ-ਮੇਲ ਅਤੇ ਹੋਰ ਇੰਟਰਨੈੱਟ ਐਪਲੀਕੇਸ਼ਨ ਨੂੰ ਐਕਸੈਸ ਕਰ ਸਕਦੇ ਹਨ. ਜੀਪੀਆਰਐਸ ਦੇ ਨਾਲ, ਗਾਹਕ ਡਾਟਾ ਨੈੱਟਵਰਕ (ਇੰਟਰਨੈੱਟ) ਦੇ ਨਿਰੰਤਰ ਵਾਇਰਲੈੱਸ ਕਨੈਕਸ਼ਨ ਦਾ ਆਨੰਦ ਲੈਂਦੇ ਹਨ ਅਤੇ ਆਪਣੀ ਪਸੰਦੀਦਾ ਵੈੱਬਸਾਈਟ, ਮਨੋਰੰਜਨ ਸੇਵਾਵਾਂ ਅਤੇ ਹੋਰ ਵੈੱਬ ਐਪਲੀਕੇਸ਼ਨ ਨੂੰ ਐਕਸੈਸ ਕਰਦੇ ਹਨ.

**29) ਮੈਂ ਧੋਖਾਧੜੀ ਵਾਲੇ ਲੈਣ-ਦੇਣ ਦੀ ਰਿਪੋਰਟ ਕਿਵੇਂ ਕਰਾਂ ਜੋ ਮੇਰੇ ਦੁਆਰਾ ਨਹੀਂ ਕੀਤੇ ਗਏ ਹਨ?**
ਅਣਅਧਿਕਾਰਤ DCB ਮੋਬਾਈਲ ਬੈਂਕਿੰਗ/ਇੰਟਰਨੈੱਟ ਬੈਂਕਿੰਗ ਲੈਣ-ਦੇਣ ਦੀ ਰਿਪੋਰਟ ਕਰਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ।
ਕਿਰਪਾ ਕਰਕੇ DCB ਬੈਂਕ ਮੋਬਾਈਲ ਬੈਂਕਿੰਗ ਵਿੱਚ ਲੌਗਇਨ ਕਰੋ > 'ਟ੍ਰਾਂਸਫਰ' > 'ਟ੍ਰਾਂਸਫਰ ਹਿਸਟਰੀ' 'ਤੇ ਕਲਿੱਕ ਕਰੋ।
ਉਹ ਖਾਸ ਲੈਣ-ਦੇਣ ਚੁਣੋ ਜਿਸ ਬਾਰੇ ਤੁਹਾਨੂੰ ਯਕੀਨ ਹੈ ਕਿ ਉਹ ਧੋਖੇਬਾਜ਼ ਹਨ ਅਤੇ 'ਰਿਪੋਰਟ ਫਰਾਡ' 'ਤੇ ਕਲਿੱਕ ਕਰੋ।

DCB BANK

**30) ਮੈਨੂੰ ਕੁਝ ਪੁੱਛਣਾ ਹੈ, ਮੈਨੂੰ ਮਦਦ ਦੀ ਲੋੜ ਹੈ, ਮੈਂ ਕੀ ਕਰਾਂ?**

ਕਿਰਪਾ ਕਰਕੇ ਡੀਸੀਬੀ ਗਾਹਕ ਸੇਵਾ ਕੇਂਦਰ ਨਾਲ 022-6899 7777 ਜਾਂ 040-6815 7777 'ਤੇ ਸੰਪਰਕ ਕਰੋ ਜਾਂ customercare@dcbbank.com 'ਤੇ ਈ-ਮੇਲ ਕਰੋ.

**31) ਸ਼ਿਕਾਇਤਾਂ ਦਰਜ ਕਰਨ ਦੀ ਪ੍ਰਕਿਰਿਆ ਕੀ ਹੈ?**

ਡੀਸੀਬੀ ਬੈਂਕ ਦੀ ਸ਼ਿਕਾਇਤ ਨਿਵਾਰਣ ਨੀਤੀ ਅਤੇ ਪ੍ਰਕਿਰਿਆ ਸਾਡੀ ਵੈੱਬਸਾਈਟ www.dcbbank.com 'ਤੇ 'ਗਾਹਕ ਕਾਰਨਰ' ਅਨੁਭਾਗ ਵਿੱਚ ਉਪਲਬਧ ਹੈ.

*****